# ਮੇਰੀ ਨਾਟਕ ਡਾਇਰੀ



ਗੁਰਸ਼ਰਨ ਸਿੰਘ

## ਮੁਨਸ਼ੀ ਖਾਨ

8.12.91

ਸਾਡੇ ਵਲੋਂ ਇਹ ਨਾਟਕ 17 ਨਵੰਬਰ, 1991 ਦੇਸ਼ ਭਗਤ ਹਾਲ ਜਲੰਧਰ ਵਿਖੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਸਾਲਾਨਾ ਨਾਟਕ ਮੇਲੇ 'ਤੇ ਖੇਡਿਆ ਗਿਆ ਹੈ। ਇਹ ਜੋਗਾ ਸਿੰਘ ਦੀ ਇਕ ਸਕੈਚਨੁਮਾ ਕਵਿਤਾ ਉਤੇ ਆਧਾਰਤ ਹੈ ਜੋ ਮੂਲਵਾਦ ਅਤੇ ਮਜ਼ਹਬੀ ਜਨੂੰਨ ਦੇ ਵਿਰੁਧ ਇਕ ਜ਼ੋਰਦਾਰ ਸਾਹਿਤਕ ਕਿਰਤ ਹੈ। ਜੋਗਾ ਸਿੰਘ ਨੇ ਅੱਜ ਤੋਂ ਦਸ ਸਾਲ ਪਹਿਲਾਂ ਆਪਣੀ ਪੁਸਤਕ 'ਆਪਣੀ ਮਿੱਟੀ' ਵਿਚ 19 ਕਰੈਕਟਰ ਸਕੈਚ ਲਿਖੇ ਜੋ ਉਹਨੇ ਪੇਂਡੂ ਜੀਵਨ ਦੇ ਨਿਮਨ ਲੋਕਾਂ ਵਿਚੋਂ ਲਏ। ਜੋਗਾ ਸਿੰਘ ਦੀ ਇਹ ਕਾਵਿ ਪੁਸਤਕ ਆਧੁਨਿਕ ਪੰਜਾਬੀ ਸਾਹਿਤ ਦੀ ਇਕ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। 'ਮੁਨਸ਼ੀ ਖਾਨ' ਇਸੇ ਪੁਸਤਕ ਵਿਚੋਂ ਇਕ ਸਕੈਚ ਹੈ।

ਮੁਨਸ਼ੀ ਖਾਨ ਇਕ ਐਸੇ ਵਿਅਕਤੀ ਦੀ ਗਾਥਾ ਹੈ ਜੋ 1947 ਦੀ ਵੰਡ ਮੇਲੇ ਪਾਕਿਸਤਾਨ ਨਹੀਂ ਸੀ ਗਿਆ। ਆਪਣੇ ਪੁਰਖਿਆਂ ਦੀ ਧਰਤੀ 'ਤੇ ਟਿਕੇ ਰਹਿਣ ਖਾਤਰ ਉਹਨੇ ਸਿੰਘ ਸਜ ਕੇ ਰਹਿਣ ਦੀ ਸ਼ਰਤ ਮਨਜ਼ੂਰ ਕਰ ਲਈ ਸੀ। ਮੁਨਸ਼ੀ ਖਾਨ ਤੋਂ ਉਹ ਸੱਜਣ ਸਿੰਘ ਬਣ ਗਿਆ ਸੀ। ਸਿੱਖੀ ਸਰੂਪ ਦੀ ਮਰਿਆਦਾ ਨੂੰ ਉਹਨੇ ਪੂਰੀ ਤਰ੍ਹਾਂ



ਨਾਟਕ 'ਮੁਨਸ਼ੀ ਖਾਨ' ਦਾ ਇਕ ਦ੍ਰਿਸ਼

ਨਿਭਾਇਆ ਪਰ ਫੇਰ ਵੀ ਉਹਦੇ ਅੰਦਰ ਆਪਣੇ ਸੰਸਕਾਰਾਂ ਦੀ ਇਕ ਚਿਰਾਗ ਬਲਦੀ ਹੀ ਰਹੀ ਤੇ ਬੁੱਢੇ ਹੋਣ 'ਤੇ ਉਹ ਨਿਮਾਣਾ ਜਿਹਾ ਹੋ ਕੇ ਆਪਣੀ ਆਖਰੀ ਖਾਹਿਸ਼ ਦੱਸਦਾ ਹੈ ਕਿ ਜਦੋਂ ਉਹ ਮਰੇ ਤਾਂ ਉਹਨੂੰ ਫੂਕਿਆ ਨਾ ਜਾਵੇ ਸਗੋਂ ਬਜ਼ੁਰਗਾਂ ਦੀਆਂ ਕਬਰਾਂ ਦੇ ਕੋਲ ਉਹਦੀ ਵੀ ਕਬਰ ਬਣਾ ਦਿੱਤੀ ਜਾਵੇ। ਇਸ ਪਾਤਰ ਨੂੰ ਕੇਂਦਰੀ ਪਾਤਰ ਬਣਾ ਕੇ ਇਕ ਨਾਟਕ ਸਿਰਜਿਆ ਗਿਆ ਹੈ ਜਿਸ ਵਿਚ ਜੋਗਾ ਸਿੰਘ ਦੀ ਕਵਿਤਾ ਦੇ ਬੋਲਾਂ ਨੂੰ ਅਤੇ ਉਹਦੇ ਵਿਚਾਰਾਂ ਨੂੰ ਨਾਟਕੀ ਰੂਪ ਦਿੱਤਾ ਗਿਆ ਹੈ। ਦਰਸ਼ਕਾਂ ਦੇ ਪ੍ਰਤੀਕਰਮ ਅਨੁਸਾਰ ਇਹ ਬਹੁਤ ਹੀ ਸਫਲ ਨਾਟਕ ਹੈ।

ਮੁਨਸ਼ੀ ਖਾਨ, ਜੋ ਹੁਣ ਦੀ ਪੀੜ੍ਹੀ ਵਿਚ ਸੱਜਣ ਸਿੰਘ ਹੀ ਜਾਣਿਆ ਜਾਂਦਾ ਹੈ, ਇਕ ਐਸੇ ਘਰ ਦਾ ਸੀਰੀ ਹੈ ਜਿਸ ਦੇ ਨਾਲ ਉਹਦੀ ਪਿਛਲੇ ਪੰਜਾਹ ਸਾਲਾਂ ਦੀ ਸਾਂਝ ਹੈ। ਘਰ ਦੇ ਬਜ਼ੁਰਗ ਹੁਣੇ ਨਹੀਂ ਰਹੇ। ਦੇਬਾ ਅਤੇ ਜੋਗਾ, ਜਿਨ੍ਹਾਂ ਨੂੰ ਮੁਨਸ਼ੀ ਖਾਨ ਨੇ ਆਪਣੇ ਹੱਥਾਂ ਵਿਚ ਪਾਲਿਆ ਹੈ, ਕੰਧਾੜੇ ਚੜ੍ਹਾ ਕੇ ਪਿੰਡ ਦੀ ਸੈਰ ਕਰਾਈ ਹੈ ਤੇ ਜਿਨ੍ਹਾਂ ਲਈ ਉਹ ਸੱਜਣ ਚਾਚਾ ਹੈ, ਹੁਣ ਘਰ ਦੇ ਮੋਹਰੀ ਹਨ। ਦੇਬਾ ਪਿੰਡ ਰਹਿੰਦਾ ਹੈ ਜਦ ਕਿ ਜੋਗਾ ਸਿੰਘ ਚੰਡੀਗੜ੍ਹ ਵਿਚ ਨੌਕਰੀ ਕਰਦਾ ਹੈ। ਚੌਂਕੇ ਦੇ ਮਾਲਕ ਦੇਬੇ ਦੀ ਵਹੁਟੀ ਜਸਬੀਰ ਕੌਰ ਹੈ, ਜੋ ਦਿਲੋਂ ਚੰਗੀ ਹੈ, ਰੱਜੇ-ਪੁੱਜੇ ਘਰੋਂ ਆਈ ਹੈ ਪਰ ਉਹ ਸੱਜਣ ਚਾਚੇ ਦੇ ਇਸ ਘਰ ਨਾਲ ਰਿਸ਼ਤੇ ਨੂੰ ਸਮਝਣ ਵਿਚ ਅਸਮਰਥ ਹੈ। ਪਿੰਡ ਵਿਚ ਇਕ ਬਜ਼ੁਰਗ ਰਿਟਾਇਰਡ ਸੂਬੇਦਾਰ ਹੈ ਜੋ ਮੁਨਸ਼ੀ ਖਾਨ ਦੇ ਬਾਪ ਦੁੱਲੇ ਮੋਚੀ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਤੇ ਇਹ ਵੀ ਜਾਣਦਾ ਹੈ ਕਿ ਦੁੱਲਾ ਮੋਚੀ ਪਿੰਡ ਵਿਚ ਬੜਾ ਹਰਦਿਲ ਅਜ਼ੀਜ਼ ਸੀ ਤੇ ਉਹਦੇ ਮਰਨ ਤੋਂ ਬਾਅਦ ਉਹਦੇ ਜਨਾਜ਼ੇ ਵਿਚ ਪਿੰਡ ਦੇ ਸਾਰੇ ਲੋਕ ਸ਼ਾਮਲ ਹੋਏ ਸਨ। ਉਹਦੇ ਲਈ ਹੁਣ ਵੀ ਮੁਨਸ਼ੀ ਖਾਨ ਦੁੱਲੇ ਮੋਚੀ ਦਾ ਪੁੱਤਰ ਮੁਨਸ਼ੀ ਹੀ ਹੈ। ਇਕ ਹੋਰ ਪਾਤਰ ਗਿਆਨੀ ਹਜ਼ਾਰਾ ਸਿੰਘ ਹੈ, ਜੋ 47 ਵੇਲੇ ਵੀ ਧਾਰਮਿਕ ਆਗੂ ਸੀ ਤੇ ਹੁਣ ਵੀ ਪਿੰਡ ਵਿਚ ਧਾਰਮਿਕ ਮਰਿਆਦਾ ਦਾ ਠੇਕੇਦਾਰ ਹੈ। ਇਹੀ ਉਹ ਵਿਅਕਤੀ ਹੈ ਜਿਸ ਨੇ ਮੁਨਸ਼ੀ ਖਾਨ ਨੂੰ ਸਿੰਘ ਸਜਾਇਆ ਸੀ ਤੇ ਹੁਣ ਵੀ ਉਸ ਨੂੰ ਇਸ ਗੱਲ ਦਾ ਮਾਣ ਹੈ। ਉਸ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਪਿੰਡ ਦੇ ਨੇੜੇ ਜਦੋਂ ਮੁਸਲਮਾਨਾਂ ਦੇ ਕਾਫਲੇ ਦੀ ਵੱਢ-ਟੁੱਕ ਹੋਈ ਸੀ ਤੇ ਲਾਸ਼ਾਂ ਵਿਚੋਂ 14 ਜਿਊਂਦੇ ਦੁਧ ਪੀਂਦੇ ਬੱਚੇ ਮਿਲੇ ਸਨ ਤੇ ਉਹਨੇ ਹੀ ਇਨ੍ਹਾਂ ਮਾਂ ਮਹਿਤੜਾਂ ਦੀ ਮੁਕਤੀ ਕੀਤੀ ਸੀ। ਇਨ੍ਹਾਂ ਪੰਜ ਪਾਤਰਾਂ ਵਿਚ ਹੀ ਮੁਨਸ਼ੀ ਖਾਨ ਦੀ ਕਹਾਣੀ ਤੁਰਦੀ ਹੈ।

ਨਾਟਕ ਸ਼ੁਰੂ ਹੁੰਦਾ ਹੈ, ਸੂਬੇਦਾਰ ਤੇ ਮੁਨਸ਼ੀ ਦੀ ਵਾਰਤਾਲਾਪ ਵਿਚ ਮੁਨਸ਼ੀ ਦੀ ਜ਼ਿੰਦਗੀ ਦਾ ਪਿਛੋਕੜ ਪਤਾ ਲਗਦਾ ਹੈ ਤੇ ਇਸੇ ਹੀ ਵਾਰਤਾਲਾਪ ਵਿਚ ਬਾਕੀ ਦੇ ਪਾਤਰਾਂ ਦੀ ਪਹਿਚਾਣ ਹੋ ਜਾਂਦੀ ਹੈ। ਸੂਬੇਦਾਰ ਜਦੋਂ ਇਹ ਜ਼ਿਕਰ ਕਰਦਾ ਹੈ ਕਿ ਦੁੱਲੇ ਮੋਚੀ ਦੀ ਕਬਰ ਲਈ ਮਿੱਟੀ ਪੁੱਟਣ ਲਈ ਕਹੀ ਦਾ ਪਹਿਲਾ ਟੱਕ ਸੂਬੇਦਾਰ ਦੇ ਬਾਪੂ ਨੇ ਲਗਾਇਆ ਸੀ ਤਾਂ ਸੁਭਾਵਿਕ ਹੀ ਮੁਨਸ਼ੀ ਦੇ ਮੂੰਹੋਂ ਇਹ ਖਾਹਸ਼ ਨਿਕਲ ਨਿਕਲ ਜਾਂਦੀ ਹੈ ਕਿ ਉਹਦੀ ਕਬਰ ਦੀ ਮਿੱਟੀ ਲਈ ਪਹਿਲਾ ਟੱਕ ਸੂਬੇਦਾਰ ਲਾਏ। ਇਥੇ ਹੀ ਸੰਕੇਤ ਮਿਲਦਾ ਹੈ ਕਿ ਮੁਨਸ਼ੀ ਹੁਣ ਆਪਣੀ ਮੌਤ ਨੇੜੇ ਵੇਖ ਰਿਹਾ ਹੈ। ਉਹ ਹਮੇਸ਼ਾ ਗੁਣਗੁਣਾਂਦਾ ਰਹਿੰਦਾ ਹੈ 'ਕੋਈ ਲੱਦਿਆ ਮੁਸਾਫਰ ਜਾਂਦਾ, ਦੁਨੀਆਂ ਰੰਗ ਵਸਦੀ।'

ਨਾਟਕ ਅੱਗੇ ਚਲਦਾ ਹੈ, ਜੋਗਾ ਪਿੰਡ ਛੁੱਟੀ ਆਇਆ ਹੈ। ਉਹ ਆਪਣੇ ਵੱਡੇ ਭਰਾ ਤੇ ਭਾਬੀ ਨਾਲ ਬਹਿਸ ਕਰ ਰਿਹਾ ਹੈ ਕਿ ਚਾਚਾ ਹੁਣ ਬੁੱਢਾ ਹੋ ਗਿਆ ਹੈ। ਉਹਦੇ ਕੋਲੋਂ ਕੰਮ ਨਾ ਕਰਵਾਇਆ ਜਾਵੇ ਤੇ ਪੈਨਸ਼ਨੀਆਂ ਵਾਂਗ ਉਹਦੇ ਨਾਲ ਚੰਗਾ ਸਲੂਕ ਕਰਦੇ ਹੋਏ ਉਹਦੀ ਸੇਵਾ ਕੀਤੀ ਜਾਵੇ। ਇਥੇ ਨਾਟਕ ਇਕ ਰੌਚਿਕ ਪੜਾਅ ਵਿਚ ਦਾਖਲ ਹੁੰਦਾ ਹੈ। ਭਾਬੀ ਇਹ ਨਹੀਂ ਸਮਝ ਸਕਦੀ ਕਿ ਦੋਨੋਂ ਭਰਾ ਆਖਰ ਚਾਚੇ ਨਾਲ ਕਿਸ ਰਿਸ਼ਤੇ ਵਿਚ ਜੁੜੇ ਹੋਏ ਹਨ। ਇਕ ਸਚਾਈ ਸਾਹਮਣੇ ਆਉਂਦੀ ਹੈ ਕਿ ਚੌਂਕੇ-ਚੁਲ੍ਹੇ ਦੀ ਮਾਲਕ ਹੁਣ ਉਹ ਹੈ ਜੋ ਘਰ ਦੇ ਪੁਰਾਣੇ ਰਿਸ਼ਤਿਆਂ ਨੂੰ ਨਹੀਂ ਜਾਣਦੀ।

ਮੁਨਸ਼ੀ ਖਾਨ ਦੀ ਜ਼ਿੰਦਗੀ ਦੇ ਤਜਰਬੇ ਹਨ ਜੋ ਉਹ ਜੋਗਾ ਸਿੰਘ ਨਾਲ ਸਾਂਝੇ ਕਰਦਾ ਹੈ। ਮੁਨਸ਼ੀ ਨੂੰ ਸ਼ਿਕਾਇਤ ਹੈ ਕਿ ਜੋ ਲੋਕ ਗੁਰਦੁਆਰੇ ਦੇ ਅੰਦਰ ਤਾਂ ਉਚ-ਨੀਚ ਦੇ ਫਰਕ ਨੂੰ ਮਿਟਾਉਣ ਦੀ ਗੱਲ ਕਰਦੇ ਹਨ, ਬਾਹਰ ਆ ਕੇ ਉਹੀ ਇਸ ਫਰਕ ਨੂੰ ਕਾਇਮ ਰੱਖਣ ਲਈ ਸਾਰਿਆਂ ਤੋਂ ਅੱਗੇ ਮੋਹਰੀ ਹੁੰਦੇ ਹਨ। ਗਿਆਨੀ ਹਜ਼ਾਰਾ ਸਿੰਘ ਦੀ ਗੱਲ ਇਸੇ ਪ੍ਰਸੰਗ ਵਿਚ ਹੁੰਦੀ ਹੈ। ਉਂਜ ਮੁਨਸ਼ੀ ਗੁਰੂ ਗੋਬਿੰਦ ਸਿੰਘ ਦੀ ਕਰਾਮਾਤ ਦਾ ਕਾਇਲ ਹੈ ਕਿਉਂਕਿ ਇਹ ਉਸੇ ਕਰਾਮਾਤ ਦੀ ਪੰਜਾਬ ਦੇ ਸਭਿਆਚਾਰ ਨੂੰ ਦੇਣ ਹੈ ਕਿ ਮੁਨਸ਼ੀ ਤੇ ਜੋਗਾ ਇਕੋ ਥਾਲੀ ਵਿਚ ਖਾਂਦੇ ਹਨ। ਮੁਨਸ਼ੀ ਜੋਗੇ ਨੂੰ ਵੀ ਆਖਰੀ ਖਾਹਸ਼ ਦੱਸਦਾ ਹੈ ਤੇ ਨਾਲ ਇਹ ਵੀ ਆਖਦਾ ਹੈ ਕਿ ਮਰਨ ਤੋਂ ਬਾਅਦ ਉਹਨੂੰ ਗਿਆਨੀ ਹਜ਼ਾਰਾ ਸਿੰਘ ਦੇ ਵੱਸ ਨਾ ਪੈਣ ਦੇਣਾ। ਉਹਦੇ ਲਈ ਉਹ ਹੁਣ ਵੀ ਮਾਸੂਮ ਬੱਚਿਆਂ ਦਾ ਕਾਤਲ ਹੈ ਤੇ ਉਹਦਾ ਉਹ ਰੂਪ ਉਹਨੂੰ ਸੁਫਨਿਆਂ ਵਿਚ ਵੀ ਡਰਾਉਂਦਾ ਹੈ।

ਨਾਟਕ ਦਾ ਸਿਖਰ ਹੈ, ਜਦੋਂ ਮੁਨਸ਼ੀ ਖਾਨ ਦੀ ਮੌਤ ਹੋ ਗਈ ਹੈ। ਸੂਬੇਦਾਰ ਤੇ ਜੋਗਾ ਸਿੰਘ ਉਹਦੀ ਕਬਰ ਬਣਾਉਣਾ ਚਾਹੁੰਦੇ ਹਨ ਪਰ ਮਰਿਆਦਾਵਾਦੀ ਗਿਆਨੀ ਹਜ਼ਾਰਾ ਸਿੰਘ ਉਹਦਾ ਸਸਕਾਰ ਕਰਨਾ ਚਾਹੁੰਦਾ ਹੈ। ਇਸ ਟੱਕਰ ਵਿਚ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੀ ਗੱਲ ਆਉਂਦੀ ਹੈ ਜਿਨ੍ਹਾਂ ਨੇ ਚਾਂਦਨੀ ਚੌਂਕ ਵਿਚ ਸੀਸ ਇਸ ਲਈ ਦਿੱਤਾ ਕਿ ਹਰ ਇਕ ਵਿਅਕਤੀ ਨੂੰ ਇਸ ਧਰਤੀ 'ਤੇ ਆਪਣੇ ਅਨੁਸਾਰ ਜਿਊਣ ਦਾ ਹੱਕ ਹੈ। ਹਜ਼ਾਰਾ ਸਿੰਘ ਲਹੂ ਦੀਆਂ ਨਦੀਆਂ ਵਗਾਉਣ ਦੀ ਧਮਕੀ ਦਿੰਦਾ ਹੈ। ਸੂਬੇਦਾਰ ਦਾ ਜਵਾਬ ਹੈ ਕਿ ਜੰਗਾਂ ਵਿਚ ਉਹਨੇ ਇਹ ਨਦੀਆਂ ਵਗਦੀਆਂ ਵੇਖੀਆਂ ਹਨ। ਪਰ ਹੁਣ ਇਕ ਜੰਗ ਐਸੀ ਲੜੀ ਜਾਵੇਗੀ ਜੋ ਇਸ ਦੇਸ਼ ਲਈ ਨਹੀਂ, ਦੇਸ਼ ਦੀ ਹੱਦਾਂ ਦੀ ਰਾਖੀ ਲਈ ਨਹੀਂ ਸਗੋਂ ਮਨੁੱਖ ਲਈ ਜਮਹੂਰੀ ਹੱਕਾਂ ਦੀ ਰਾਖੀ ਲਈ ਹੋਵੇਗੀ। ਜ਼ਿੰਦਗੀ ਦੀਆਂ ਚੰਗੀਆਂ ਕਦਰਾਂ-ਕੀਮਤਾਂ ਦੀ ਰਾਖੀ ਲਈ ਹੋਏਗੀ। ਪਿੱਠ ਭੂਮੀ ਤੋਂ ਆ ਰਹੀ ਇਹ ਆਵਾਜ਼ 'ਕੋਈ ਲੱਦਿਆ ਮੁਸਾਫਰ ਜਾਂਦਾ, ਮੋਢੇ ਮਹਿਰਮਾਂ ਦੇ' ਨਾਟਕ ਦੇ ਅੰਤ ਦਾ ਸੰਕੇਤ ਕਰਦੀ ਹੈ। ਵੱਖ ਵੱਖ ਮੁਦਰਾਵਾਂ ਵਿਚ ਅਹਿੱਲ ਹੋਏ ਪਾਤਰ ਜ਼ਿੰਦਗੀ ਦੇ ਦੋਖੀਆਂ ਦੀ ਤੇ ਜ਼ਿੰਦਗੀ ਦੇ ਮਹਿਰਮ ਦੀ ਪਹਿਚਾਣ ਪੂਰੀ ਤਰ੍ਹਾਂ ਕਰਵਾ ਦਿੰਦੇ ਹਨ।

ਇਹ ਨਾਟਕ ਜਿਸ ਨੂੰ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਚੰਡੀਗੜ੍ਹ ਦੀ ਟੀਮ ਗੁਲਸ਼ਨ ਸ਼ਰਮਾ (ਮੁਨਸ਼ੀ ਖਾਨ), ਸਾਹਿਬ ਸਿੰਘ (ਜੋਗਾ ਸਿੰਘ), ਮਲਕੀਤ (ਦੇਬਾ), ਭੁਪਿੰਦਰ ਸਿੰਘ (ਗਿਆਨੀ ਹਜ਼ਾਰਾ ਸਿੰਘ), ਰਜਿੰਦਰ (ਜਸਬੀਰ ਕੌਰ) ਤੇ ਗੁਰਸ਼ਰਨ ਸਿੰਘ (ਸੂਬੇਦਾਰ) ਨੇ ਸਫਲਤਾ ਨਾਲ ਖੇਡਿਆ, ਮੂਲਵਾਦੀ ਸੋਚ ਦੇ ਵਿਰੁਧ ਇਕ ਸ਼ਕਤੀਸ਼ਾਲੀ ਆਵਾਜ਼ ਹੈ।